**Roll No. ..........................** **Total Pages : 05**

## GSQ/M-20 **1678**

## PUNJABI (ELECTIVE)

Time : Three Hours] [Maximum Marks : 80

ਨੋਟ:- **ਸਾਰੇ ਪ੍ਰਸ਼ਨ** ਹ'ਲ ਕਰਨੇ ਹਨ ।

1. **ਕਿਸੇ ਇ'ਕ** ਦੇ ਜੀਵਨ, ਰਚਨਾ ਅਤੇ ਦ੍ਰਿਸ਼ਟੀ ਉ'ਪਰ ਇ'ਕ ਵਿਸਥਾਰ ਨਾਲ਼ ਚਰਚਾ ਕਰੋ :-

   (ੳ) ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

   (ਬ) ਪੀਲੂ

2. **ਕਿਸੇ ਦੋ** ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :-

   (ੳ) ਸੰਤ ਕਾ ਨਿੰਦਕੁ ਮਹਾ ਅਤਤਾਈ ॥
   ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥
   ਸੰਤ ਕਾ ਨਿੰਦਕੁ ਮਹਾ ਹਤਿਆਰਾ ॥
   ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥

   (ਅ) ਇ'ਕ ਦਿਨ ਤੈਨੂੰ ਸੁਪਨਾ ਥੀਸਨਿ,
   ਗਲੀਆਂ ਬਾਬਲ ਵਾਲੀਆਂ ਵੋਂ। ( ਰਹਾਉ )
   ਉਡਿ ਗਏ ਭਉਰ ਫੁ'ਲਾਂ ਦੇ ਕੋਲੋਂ।
   ਸਣ ਪਤਰਾਂ ਸਣ ਡਾਲੀਆਂ।

   (ੲ) ਚੜ੍ਹਦੇ ਮਿਰਜੇ ਖਾਨ ਨੂੰ, ਵੰਜਣ ਦੇਂਦਾ ਮ'ਤ।
   ਭ'ਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮ'ਤ।
   ਹ'ਸ ਕੇ ਲਾਂਦੀਆਂ ਯਾਰੀਆਂ, ਰੋ ਕੇ ਦੇਂਦੀਆਂ ਦ'ਸ।
   ਜਿਸ ਘਰ ਲਾਈ ਦੋਸਤੀ, ਮੂਲ ਨ ਘ'ਤੇ ਲ'ਤ।

(ਸ) ਖੰਡਾ ਪ੍ਰਿਥਮੇਂ ਸਾਜਕੈ ਜਿਨ ਸਭ ਸੰਸਾਰ ਉਪਾਇਆ ॥
ਬ੍ਰਹਮਾ, ਬਿਸਨ, ਮਹੇਸ ਸਾਜਿ ਕੁਦਰਤੀ ਦਾ ਖੇਲ ਰਚਾਇ ਬਣਾਇਆ ॥
ਸਿੰਧ, ਪਰਬਤ, ਮੇਦਿਨੀ ਬਿਨ ਥੰਮਾਂ ਗਗਨਿ ਰਹਾਇਆ ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦ ਰਚਾਇਆ ॥

**3.** ਪੂਰਵ ਨਾਨਕ ਕਾਲ ਵਿ'ਚ ਰਚੇ ਗਏ ਸਮੁ'ਚੇ ਸਾਹਿਤ ਨਾਲ਼ ਜਾਣ-ਪਛਾਣ ਕਰਵਾਓ ।

**ਜਾਂ**

ਵਾਰਿ ਕਾਵਿ-ਧਾਰਾ **ਜਾਂ** ਸੂਫੀ ਕਾਵਿ-ਧਾਰਾ ਉੱਪਰ ਇ'ਕ ਵਿਸਥਾਰ ਨਾਲ਼ ਨੋਟ ਲਿਖੋ ।

**4.** ਹੇਠ ਲਿਖੇ ਪੰਜਾਬੀ ਸਾਹਿਤ-ਰੂਪਾਂ ਵਿ'ਚੋਂ **ਕਿਸੇ ਦੋ** ਦੀ ਪਰਿਭਾਸ਼ਾ ਦ'ਸ ਕੇ ਉਨ੍ਹਾਂ ਦੇ ਗੁਣ-ਲ'ਛਣਾਂ ਬਾਰੇ ਵਿਚਾਰ ਕਰੋ :-

(i) ਨਾਵਲ (ii) ਇਕਾਂਗੀ

(iii) ਰੇਖਾ ਚਿ'ਤਰ (iv) ਜੀਵਨੀ

**5.** ਹੇਠ ਲਿਖੇ ਪੈਰ੍ਹੇ ਦਾ ਹਿੰਦੀ ਭਾਸ਼ਾ ਵਿ'ਚ ਅਨੁਵਾਦ ਕਰੋ :-

ਪੁਰਾਣੇ ਸਮਿਆਂ ਵਿ'ਚ ਵਿਆਹਾਂ ਅਤੇ ਮਰਨਿਆਂ ਤੇ ਅ'ਜ-ਕਲ ਵਾਂਗ ਕਾਰਡ ਨਹੀਂ ਛਪਦੇ ਸਨ । ਸ'ਦੇ ਜ਼ੁਬਾਨੀ ਤੇ ਸੁਨੇਹਿਆਂ ਰਾਹੀਂ ਹੀ ਪਹੁੰਚਦੇ ਸਨ । ਫਿਰ ਲੋਕੀ ਮਰਨਿਆਂ ਲਈ ਪੋਸਟ-ਕਾਰਡ ਭੇਜਣ ਲਗ ਪਏ । ਅਨਪੜ੍ਹਤਾ ਕਾਰਨ ਬਹੁਤ ਸਾਰੇ ਲੋਕ ਪੋਸਟ-ਕਾਰਡ ਪੜ੍ਹ ਨਹੀਂ ਸਕਦੇ ਸਨ । ਮਸਲਨ ਸ਼ਗਨਾਂ ਦੇ ਚਾਵਾਂ ਦੇ ਮੌਕੇ 'ਤੇ ਭੇਜੇ ਜਾਂਦੇ ਸ'ਦੇ ਦਾ ਸੁਖਾਵਾਂ ਅਤੇ ਖੁਸ਼ੀਆਂ ਭਰਿਆ ਭਾਵ ਉਜਾਗਰ ਕਰਨ ਲਈ ਕਾਰਡ 'ਤੇ ਕੇਸਰ, ਹਲਦੀ ਜਾਂ ਸੂਹੇ ਰੰਗ ਦਾ ਛਿ'ਟਾ ਦੇ ਦਿ'ਤਾ ਜਾਂਦਾ ਸੀ । ਕਾਰਡ ਪ੍ਰਾਪਤ ਕਰਨ ਵਾਲ਼ਾ ਜਾਣ ਜਾਂਦਾ ਸੀ ਕਿ ਕਾਰਡ ਖੁਸ਼ੀ ਦੀ ਖ਼ਬਰ ਲੈਕੇ ਆਇਆ ਹੈ । ਮਰਨ ਦੀ ਖ਼ਬਰ ਵਾਲੇ ਕਾਰਡ ਨੂੰ ਅ'ਧ ਵਿ'ਚੋਂ ਥੋੜਾ-ਜਿਹਾ ਪਾੜ ਦਿ'ਤਾ

(ii) ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਕਿੰਨੇ ਸਲੋਕ ਹਨ ?

(a) 15 ਸਲੋਕ (b) 56 ਸਲੋਕ

(c) 57 ਸਲੋਕ (d) 51 ਸਲੋਕ

(iii) ਸ਼ਾਹ ਹੁਸੈਨ ਕਿਸ ਕਾਵਿ-ਧਾਰਾ ਨਾਲ਼ ਸੰਬੰਧਿਤ ਕਵੀ ਹੈ ?

(a) ਸੂਫੀ ਕਾਵਿ-ਧਾਰਾ

(b) ਗੁਰਮਤਿ ਕਾਵਿ-ਧਾਰਾ

(c) ਵਾਰ ਕਾਵਿ-ਧਾਰਾ

(d) ਕਿ'ਸਾ ਕਾਵਿ-ਧਾਰਾ

(iv) ਪੀਲੂ ਦੀ ਪ੍ਰਸਿ'ਧ ਰਚਨਾ ਕਿਹੜੀ ਹੈ ?

(a) ਹੀਰ-ਰਾਂਝਾ (b) ਮਿਰਜ਼ਾ-ਸਾਹਿਬਾਂ

(c) ਸੋਹਣੀ-ਮਹੀਵਾਲ (d) ਸ'ਸੀ-ਪੁੰਨੂ

(v) 'ਚੰਡੀ ਦੀ ਵਾਰ' ਦਾ ਮੁਖ ਵਿਸ਼ਾ ਕੀ ਹੈ ?

(a) ਯੁ'ਧ ਵਰਨਣ ਕਰਨਾ

(b) ਪੌਰਾਣਿਕ ਕਥਾ ਪੇਸ਼ ਕਰਨਾ

(c) ਬਦੀ ਉੱਪਰ ਨੇਕੀ ਦੀ ਜਿ'ਤ

(d) ਦੇਵਤਿਆਂ ਦੀ ਕਹਾਣੀ ਪੇਸ਼ ਕਰਨਾ

(vi) ਪੰਜਾਬ ਸ਼ਬਦ ਕਿਹੜੇ-ਕਿਹੜੇ ਸ਼ਬਦਾਂ ਦੇ ਮੇਲ ਤੋਂ ਬਣਿਆ ?

(a) ਪੰਜ (b) ਆਬ

(c) ਪੰਜ+ਆਬ (d) ਪੰ+ਜਆਬ

(vii) ਪੰਜਾਬੀ ਦਾ ਪਹਿਲਾ ਕਵੀ ਕਿਸ ਨੂੰ ਕਿਹਾ ਜਾਂਦਾ ਹੈ ?

(a) ਚੋਰਗੀ ਨਾਥ ਨੂੰ (b) ਗੋਪੀ ਨਾਥ ਨੂੰ

(c) ਚਰਪਟ ਨਾਥ ਨੂੰ (d) ਗੋਰਖ ਨਾਥ ਨੂੰ

(viii) ਪੰਜਾਬੀ ਦੀ ਸਭਤੋਂ ਪਹਿਲੀ ਬੀਰ-ਰਸੀ ਰਚਨਾ ਕਿਹੜੀ ਹੈ ?

(a) ਬਚਿ'ਤਰ ਨਾਟਕ (b) ਚੰਡੀ ਦੀ ਵਾਰ

(c) ਅਕਾਲ ਉਸਤਤ (d) ਜਾਪੁ ਸਾਹਿਬ

(ix) ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲਿਖਾਰੀ ਕੌਣ ਸਨ ?

(a) ਭਾਈ ਗੁਰਦਾਸ ਜੀ (b) ਬਾਬਾ ਬੁ'ਢਾ ਜੀ

(c) ਭਾਈ ਜੇਠਾ ਜੀ (d) ਭਾਈ ਲਹਿਣਾ ਜੀ

(x) ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜੀਵਨ ਕਾਲ ਦ'ਸੋ ?

(a) 1469-1539 ਈ: (b) 1470-1540 ਈ:

(c) 1472-1542 ਈ: (d) 1475-1545 ਈ: